This is text of the Video

# Darvesi Ko Jansi

# Virla Ko Darves

by

Brig. Partap Singh Ji Jaspal (Retd.)

available at:

www.SikhVideos.org

ਦਰਵੇਸੀ ਕੋ ਜਾਣਸੀ ਵਿਰਲਾ ਕੋ ਦਰਵੇਸੁ

Darvesi Ko Jansi Virla Ko Darves

*"ਦਰਵੇਸੀ ਕੋ ਜਾਣਸੀ*
*ਵਿਰਲਾ ਕੋ ਦਰਵੇਸੁ ॥*

*ਜੇ ਘਰਿ ਘਰਿ ਹੰਢੈ ਮੰਗਦਾ*
*ਧਿਗੁ ਜੀਵਣੁ ਧਿਗੁ ਵੇਸੁ ॥*

*ਜੇ ਆਸਾ ਅੰਦੇਸਾ ਤਜਿ ਰਹੈ*
*ਗੁਰਮੁਖਿ ਭਿਖਿਆ ਨਾਉ ॥*

*ਤਿਸ ਕੇ ਚਰਨ ਪਖਾਲੀਅਹਿ*
*ਨਾਨਕ ਹਉ ਬਲਿਹਾਰੈ ਜਾਉ ॥"*

*–ਸ੍ਰੀ ਗੁਰੂ ਅਮਰਦਾਸ ਜੀ*

# ਤਿੰਨ ਕਿਸਮ ਦਾ ਪਿਆਰ (ਹੇਤੁ)

ਅੰਮ੍ਰਿਤ ਵੇਲਾ ਸੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਵਿੱਚ ਰੱਤੇ ਹੋਏ ਪਿਤਾ ਜੀ ਪਾਵਨ ਬਚਨ ਕਰ ਰਹੇ ਸਨ। ਫੁਰਮਾਇਆ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ **'ਤੂੰ'** ਦਾ ਪ੍ਰਕਾਸ਼ ਹੈ, ਹਰ ਸ਼ਬਦ ਦਾ ਤੱਤ **'ਮੈਂ' ਨਹੀਂ ਸਿਰਫ਼ 'ਤੂੰ' 'ਮੈਂ ਨਹੀਂ ਸਿਰਫ਼ 'ਤੂੰ'**। ਫੁਰਮਾਉਣ ਲੱਗੇ ਕਿ ਬਾਬਾ ਨੰਦ ਸਿੰਘ ਸਾਹਿਬ ਦਾ ਪੂਰਾ ਪ੍ਰਕਾਸ਼ਮਈ ਜੀਵਨ **'ਤੂੰ'** ਦਾ ਹੀ ਪ੍ਰਕਾਸ਼ ਸੀ। **'13 ਭਾਦੋਂ'** ਬਾਬਾ ਨੰਦ ਸਿੰਘ ਸਾਹਿਬ ਦਾ ਅੰਮ੍ਰਿਤ ਮਈ ਜੀਵਨ **'ਤੂੰ' 'ਤੇਰੇ'** ਦੇ ਪ੍ਰਕਾਸ਼ ਵਿੱਚ ਹੀ ਵਿਚੱਰ ਰਿਹਾ ਹੈ ਹਰ ਇਕ ਸਵਾਸ, ਹਰ ਪੱਲ, ਹਰ ਘੜੀ। ਗੁਰੂ ਅਰਜਨ ਪਾਤਸ਼ਾਹ ਆਪਣੀ ਅੰਮ੍ਰਿਤ ਬਾਣੀ ਵਿੱਚ ਉਸ ਪ੍ਰਕਾਸ਼ ਨੂੰ ਜਿਸ ਤਰ੍ਹਾਂ ਸਾਡੇ ਸਭ ਦੀ ਝੋਲੀ ਵਿੱਚ ਪਾਉਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਇਸ ਭਾਦੋਂ ਦੇ ਮਹੀਨੇ ਵਿੱਚ ਉਹ **'ਤੂੰ'** ਦੇ ਉੱਤੇ ਕੀ ਪ੍ਰਕਾਸ਼ ਪਾਉਂਦੇ ਹਨ?

*ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ ॥*

*ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ ॥*

*ਜਿਤੁ ਦਿਨਿ ਦੇਹ ਬਿਨਸਸੀ*

*ਤਿਤੁ ਵੇਲੈ ਕਹਸਨਿ ਪ੍ਰੇਤੁ ॥*

*ਪਕੜਿ ਚਲਾਇਨਿ ਦੂਤ ਜਮ*
*ਕਿਸੈ ਨ ਦੇਨੀ ਭੇਤੁ ॥*

*ਛਡਿ ਖੜੋਤੇ ਖਿਨੈ ਮਾਹਿ*
*ਜਿਨ ਸਿਉ ਲਗਾ ਹੇਤੁ ॥*

*ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ ॥*

*ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥*

*ਨਾਨਕ ਪ੍ਰਭ ਸਰਣਾਗਤੀ*
*ਚਰਣ ਬੋਹਿਥ ਪ੍ਰਭ ਦੇਤੁ ॥*

*ਸੇ ਭਾਦੁਇ ਨਰਕਿ ਨ ਪਾਈਅਹਿ*
*ਗੁਰੁ ਰਖਣ ਵਾਲਾ ਹੇਤੁ ॥*

ਪਿਤਾ ਜੀ ਫੁਰਮਾਉਣ ਲੱਗੇ,

*ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ ॥*
*ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ ॥*

*ਜਿਤੁ ਦਿਨਿ ਦੇਹ ਬਿਨਸਸੀ*
*ਤਿਤੁ ਵੇਲੈ ਕਹਸਨਿ ਪ੍ਰੇਤੁ ॥*

*ਪਕੜਿ ਚਲਾਇਨਿ ਦੂਤ ਜਮ*
*ਕਿਸੈ ਨ ਦੇਨੀ ਭੇਤੁ ॥*

*ਛਡਿ ਖੜੋਤੇ ਖਿਨੈ ਮਾਹਿ*
*ਜਿਨ ਸਿਉ ਲਗਾ ਹੇਤੁ ॥*

ਇੱਥੋਂ ਤੱਕ ਦੋ ਵਾਰੀ **ਹੇਤ** ਦਾ ਸ਼ਬਦ ਆਇਆ ਹੈ, **'ਹੇਤ'** ਪ੍ਰੇਮ ਨੂੰ ਕਹਿੰਦੇ ਹਨ ਮ੍ਰਿਤ-ਲੋਕ ਦੇ ਬਾਰੇ ਵਿੱਚ ਸਮਝਾ ਰਹੇ ਹਨ ਕਿ ਇਸ ਦੇ ਵਿੱਚ ਦੋ ਕਿਸਮ ਦੇ ਭਰਮ ਕਿਉਂ ਹਨ? ਇਨਸਾਨ ਅਉਂਦਾ ਹੀ ਭਰਮਾ ਵਿੱਚ ਕਿਉਂ? ਸਾਹਿਬ **'ਸ੍ਰੀ ਗੁਰੂ ਗ੍ਰੰਥ ਸਾਹਿਬ'** ਉਹ ਪ੍ਰਕਾਸ਼ ਪਾ ਰਹੇ ਹਨ ਕਿ ਹਰ ਇਕ ਜਨਾ ਇਸ ਦੇ ਵਿੱਚ ਪ੍ਰੇਮ ਲੱਭਦਾ ਹੈ, ਹਰ ਇਕ ਜਨਾਂ ਸੁੱਖ ਲੱਭਦਾ ਹੈ ਔਰ ਉਹ ਪ੍ਰੇਮ ਔਰ ਸੁੱਖ ਸਾਰਾ **'ਮੈਂ-ਮੇਰੇ'** ਵਿੱਚ ਲੱਭਦਾ ਹੈ, **'ਮੈਂ-ਮੇਰੇ'** ਨਾਲ ਹੀ ਪਿਆਰ ਕਰਦਾ ਹੈ। ਇਹ ਹੇਤ,

**ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ ॥**

**'ਦੂਜੈ ਲਗਾ ਹੇਤੁ'** ਫਿਰ ਸਾਹਿਬ ਗੁਰੂ ਅਰਜਨ ਪਾਤਸ਼ਾਹ ਦੂਜੇ ਦਾ ਮਤਲਬ ਸਮਝਾਉਂਦੇ ਹਨ, **'ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ'** ॥ ਆਪਣੇ ਸ਼ਰੀਰ ਦਾ, ਆਪਣਾ ਲੱਖਾਂ ਕਿਸਮ ਦੇ ਤਰੀਕੇ ਨਾਲ ਉਹਨੂੰ ਸਿੰਗਾਰ ਰਿਹਾ ਹੈ, ਸਜਾਇਆ ਹੈ, ਉਹਦਾ ਪਾਲ-ਪੌਸ਼ਨ ਆਪਣੇ ਆਪ ਕਰ ਰਿਹਾ ਹੈ ਕੀ ਸਮਝ ਕੇ ਕਿ ਇਹ **'ਮੈਂ'** ਹੈ, ਅਸਲ ਹੈ, ਇਹ ਤੱਤ ਹੈ, ਇਹ ਸੱਚ ਹੈ। **ਮੈਂ** ਨੂੰ ਸੱਚ ਜਾਣ ਬੈਠਾ ਹੈ ਉਸ ਵੇਲੇ ਸਾਹਿਬ ਸਭ ਤੇ ਅਖੀਰ ਤੇ ਫਿਰ **'ਤੂੰ'** ਨੂੰ ਦੱਸਦੇ ਹਨ ਕਿ ਭੁੱਲ ਗਿਆ ਹੈ। ਹੇਤ ਦਾ ਸ਼ਬਦ ਤਿੰਨ ਵਾਰੀ ਇਸਤੇਮਾਲ ਹੋਇਆ ਹੈ ਇਸ ਮਹੀਨੇ ਦੇ ਵਿੱਚ **'ਦੂਜੈ ਲਗਾ ਹੇਤੁ'** "**ਛਡਿ**

**ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ ॥"** ਫਿਰ **"ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ ॥"** ਹੁਣ ਸਾਹਿਬ **'ਤੂੰ'** ਦੀ ਗੱਲ ਕਰ ਰਹੇ ਹਨ ਤਦੇ ਤਾਂ ਇਹ ਜਿਹੜਾ ਸ਼ਰੀਰ ਹੈ ਉਹ **'ਮੈਂ'** ਹੈ। ਦੂਜਾ **"ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ"** ਉਹ ਜਿਨ੍ਹਾਂ ਨਾਲ ਪ੍ਰੇਮ ਕਰਦਾ ਸੀ ਜਿਨ੍ਹਾਂ ਨੂੰ ਮੇਰੇ-ਮੇਰੇ ਕਹਿੰਦਾ ਸੀ ਉਹ ਛਿੱਨ ਦੇ ਵਿੱਚ ਪਰਾਏ ਹੋ ਗਏ ਛਿੱਨ ਦੇ ਵਿੱਚ ਛੱਡ ਗਏ।

ਪਹਿਲਾਂ ਤਾਂ ਇਹ ਸ਼ਰੀਰ ਪਰਾਇਆ ਹੋਇਆ ਹੈ, ਉਹ ਛਿੱਨ ਦੇ ਵਿੱਚ ਫਿਰ ਉਹ ਪਰਾਏ ਹੋ ਗਏ। ਸਾਧ ਸੰਗਤ ਜੀ, ਬਾਬਾ ਨੰਦ ਸਿੰਘ ਸਾਹਿਬ ਜੀ ਸਮਝਾ ਰਹੇ ਸਨ ਕਿ ਇਹ ਦੁਨੀਆਂ ਹੈ ਕੀ? ਇਹ ਮ੍ਰਿਤ-ਲੋਕ ਇਕ ਮੁਸਾਫ਼ਿਰ-ਖ਼ਾਨਾ ਹੈ। ਇੱਥੇ ਮੁਸਾਫ਼ਿਰ ਖ਼ਾਨੇ ਵਿੱਚ ਨਾਂ ਕੋਈ ਆਪਣਾ ਪਤਾ ਥਾਂਉ ਲੈ ਕੇ ਆਇਆ ਹੈ ਨਾ ਕੋਈ ਪਤਾ ਥਾਂਉ ਦੇ ਕੇ ਗਿਆ ਹੈ।

*ਪਕੜਿ ਚਲਾਇਨਿ ਦੂਤ ਜਮ*
*ਕਿਸੈ ਨ ਦੇਨੀ ਭੇਤੁ ॥*
*ਛਡਿ ਖੜੋਤੇ ਖਿਨੈ ਮਾਹਿ*
*ਜਿਨ ਸਿਉ ਲਗਾ ਹੇਤੁ ॥*

ਇਹ ਭੇਦ ਅੱਜ ਤੱਕ ਕਿਸੇ ਨੂੰ ਨਹੀਂ ਪਤਾ ਲੱਗਿਆ ਕਿ ਇਹ ਆਇਆ ਕਿਧਰੋਂ ਹੈ ਤੇ ਜਾਣਾ ਕਿੱਥੇ ਹੈ? ਸਾਧ ਸੰਗਤ ਜੀ, ਇਹ ਸਰੀਰ ਜਿਸ ਨੂੰ **ਮੈਂ-ਮੈਂ** ਕਰਦਾ ਹੈ ਪੰਜ ਤੱਤਾਂ ਦਾ ਬਣਿਆ ਹੈ। ਪਿਤਾ ਜੀ ਕਹਿਣ ਲੱਗੇ ਪੰਜ ਤੱਤ ਸਾਡੀ ਮਲਕੀਅਤ ਨਹੀਂ ਹਨ, ਇਹ ਸਾਡੇ ਅਧੀਨ ਨਹੀਂ ਹਨ ਪਰ ਅਸੀਂ ਇਸ ਦੇ ਪੂਰੇ ਅਧੀਨ ਹੋ ਜਾਨੇਂ ਹਾਂ। **"ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥"** ਇਹ ਕਰਮ ਜੂਨੀਂ ਹੈ ਜਿਸ ਤਰ੍ਹਾਂ ਇਹ **'ਮੈਂ-ਮੇਰੇ'** ਦਾ ਬੀਜ਼ ਅਸੀ ਬੀਜਦੇ ਹਾਂ ਉੱਦਾਂ ਹੀ ਸਾਨੂੰ ਉਹ

ਭੁਗਤਣਾ ਪੈਂਦਾ ਹੈ, ਜੋ ਫਿਰ ਇਸ ਮਹੀਨੇ ਦੇ ਅਖ਼ੀਰ ਵਿੱਚ ਸਾਹਿਬ ਸੌਝੀ ਪਾਉਂਦੇ ਹਨ, **"ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ"** ਸਾਹਿਬ ਦੀ ਸ਼ਰਨ ਦੇ ਵਿੱਚ ਸਾਹਿਬ ਦੇ ਚਰਨ ਕਮਲਾਂ ਦਾ ਜਹਾਜ਼ ਮਿਲ ਜਾਂਦਾ ਹੈ ਜਿਹੜਾ ਇਸ ਮ੍ਰਿਤ ਲੋਕ ਦੇ ਵਿੱਚ ਭਵ-ਸਾਗਰ ਨੂੰ ਪਾਰ ਕਰਾਉਂਦਾ ਹੈ **"ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ ॥"** ਨਰਕ ਭੋਗਦੇ ਹਾਂ ਆਪਾਂ ਇਸ **'ਮੈਂ ਮੇਰੀ'** ਦੇ ਵਿੱਚ, ਉਸ ਤੋਂ ਬਚਣ ਵਾਸਤੇ ਬਸ ਇਕੋ ਹੀ ਪਿਆਰ ਹੈ, ਇਕੋ ਹੀ ਪ੍ਰੇਮ ਹੈ ਜਿਹੜਾ ਰੱਖਿਆ ਕਰਦਾ ਹੈ ਔਰ ਬਚਾ ਲੈਂਦਾ ਹੈ ਉਹ ਸਤਿਗੁਰੂ ਦਾ ਪ੍ਰੇਮ ਹੈ **"ਗੁਰੁ ਰਖਣ ਵਾਲਾ ਹੇਤੁ ॥"**

# ਕਿਸੇ ਕੋਲੋਂ ਕੋਈ ਚੀਜ਼ ਨਹੀ ਮੰਗਨੀ (ਬਾਬਿਆਂ ਦਾ ਪਹਿਲਾ ਨੇਮ)

ਸਾਧ ਸੰਗਤ ਜੀ, ਇਹ ਪਿਤਾ ਜੀ ਸਮਝਾ ਰਹੇ ਸਨ ਔਰ ਲੈ ਕੇ ਕਿੱਥੇ ਗਏ? ਕਹਿਣ ਲੱਗੇ ਮੇਰੇ ਸਾਹਿਬ ਨੇ ਬਾਬਾ ਨੰਦ ਸਿੰਘ ਸਾਹਿਬ ਨੇ 13 ਭਾਦੋਂ ਚੁਣਿਆ ਹੈ, **"13 ਭਾਦੋਂ"**, ਜਿਸ ਵਕਤ ਤਸ਼ਰੀਫ਼ ਲਿਆਏ ਹਨ ਉਨ੍ਹਾਂ ਨੇ ਉਸ ਵੇਲੇ **"13 ਕਤੱਕ"** ਚੁਣਿਆ। ਕਤੱਕ ਦਾ ਮਹੀਨਾਂ ਵੀ ਇਸੇ ਪ੍ਰਕਾਸ਼ ਨੂੰ, ਇਹ **'ਤੂੰ-ਤੇਰਾ'** ਦੇ ਪ੍ਰਕਾਸ਼ ਨੂੰ ਹੀ ਪੂਰੇ ਦਾ ਪੂਰਾ ਸਪਸ਼ੱਟ ਕਰ ਦਿੰਦਾ ਹੈ, ਉਸ ਦੇ ਵਿੱਚ ਕੋਈ

ਸ਼ੰਕਾ ਨਹੀਂ ਛੱਡਦਾ। ਉਸ ਦੇ ਬਾਅਦ ਪਿਤਾ ਜੀ ਕਹਿਣ ਲੱਗੇ ਕਿ ਸਾਹਿਬ ਨੇ 13 ਹੀ ਨੇਮ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਵਿੱਚੋਂ ਚੁਣ ਲਏ ਫਿਰ **'13'** ਦੀ ਗਿਣਤੀ ਦੇ ਵਿੱਚ ਹੀ **'ਤੂੰ-ਤੇਰਾ'** ਦਾ ਪ੍ਰਕਾਸ਼ ਵੰਡਿਆ ਹੈ ਸਾਰੀ ਜਿੰਦਗੀ ਵਿੱਚ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗਿਣਤੀ ਵਿੱਚ ਉਹ ਪ੍ਰਸ਼ਾਦਿ ਵੰਡਿਆ ਹੈ। ਸਾਧ ਸੰਗਤ ਜੀ, ਇਕ 13, ਦੋ-13, ਤਿੰਨ-13, ਗੁਰੂ ਨਾਨਕ ਪਾਤਸ਼ਾਹ ਦਾ ਬਖਸ਼ਿਆ ਹੋਇਆ ਨਾਮ ਵੀ ਉਸ ਗਿਣਤੀ ਵਿੱਚ, ਗੁਰੂ ਨਾਨਕ ਪਾਤਸ਼ਾਹ ਦੀ ਇਸ ਅੰਮ੍ਰਿਤ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅੰਮ੍ਰਿਤ ਬਾਣੀ ਦੇ ਪਾਠ ਵੀ ਰੋਜ਼ ਇਸ ਗਿਣਤੀ ਵਿੱਚ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗਿਣਤੀ ਵਿੱਚ ਸਭ ਕੁਝ 13 ਦੀ ਗਿਣਤੀ ਦੇ ਵਿੱਚ ਬਖਸ਼ਿਆ। ਜਦੋਂ 13 ਦੀ ਗਿਣਤੀ ਤੇ ਆਏ ਕਹਿੰਦੇ ਜਿਸ ਵਕਤ ਆਪਾਂ ਬਾਬਾ ਨੰਦ ਸਿੰਘ ਸਾਹਿਬ ਦੇ ਉਸ ਪ੍ਰਕਾਸ਼ਮਈ ਜੀਵਨ ਦਾ ਪ੍ਰਕਾਸ਼ ਥੋੜ੍ਹਾ ਜਿਹਾ ਵੀ ਉਸ ਦੇ ਵਿੱਚ ਝਾਤੀ ਮਾਰਦੇ ਹਾਂ ਤਾਂ ਉਸ ਵੇਲੇ ਪਤਾ ਲਗਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਵਿੱਚੋਂ ਕਿਸ ਤਰ੍ਹਾਂ ਉਨ੍ਹਾਂ ਨੇ ਉਹ 13 ਨੇਮਾਂ ਦੇ ਪ੍ਰਕਾਸ਼ ਸਾਡੇ ਵਾਸਤੇ ਸਪੱਸ਼ਟ ਕੀਤੇ ਹਨ, ਉਹ ਸਾਡੀ ਝੌਲੀ ਵਿੱਚ ਕਿਸ ਤਰ੍ਹਾਂ ਉਸ ਗਿਆਨ ਨੂੰ ਬਖਸ਼ ਰਹੇ ਹਨ ਜਿਹੜਾ **'ਤੂੰ-ਤੇਰਾ'** ਤੋਂ ਪ੍ਰਾਪਤ ਹੁੰਦਾ ਹੈ। ਸਾਧ ਸੰਗਤ ਜੀ, ਆਉ, ਬਾਬਾ ਨੰਦ ਸਿੰਘ ਸਾਹਿਬ ਦਾ **'ਪਹਿਲਾ ਨੇਮ'** ਕਿਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅੰਮ੍ਰਿਤ ਬਾਣੀ ਉਹ ਪ੍ਰਕਾਸ਼ ਸਾਨੂੰ ਬਖਸ਼ ਰਹੀ ਹੈ।

*ਦਰਵੇਸੀ ਕੋ ਜਾਣਸੀ ਵਿਰਲਾ ਕੋ ਦਰਵੇਸੁ ॥*

*ਜੇ ਘਰਿ ਘਰਿ ਹੰਢੈ ਮੰਗਦਾ*
*ਧਿਗੁ ਜੀਵਣੁ ਧਿਗੁ ਵੇਸੁ ॥*

*ਜੇ ਆਸਾ ਅੰਦੇਸਾ ਤਜਿ ਰਹੈ*

ਗੁਰਮੁਖਿ ਭਿਖਿਆ ਨਾਉ ॥
ਤਿਸ ਕੇ ਚਰਨ ਪਖਾਲੀਅਹਿ ਨਾਨਕ ਹਉ ਬਲਿਹਾਰੈ ਜਾਉ ॥

**–ਸ੍ਰੀ ਗੁਰੂ ਅਮਰਦਾਸ ਜੀ**

ਨਾਨਕੁ ਨੀਚੁ ਭਿਖਿਆ ਦਰਿ ਜਾਚੈ
ਮੈ ਦੀਜੈ ਨਾਮੁ ਵਡਾਈ ਹੇ ॥

ਸਤਿਗੁਰ ਤੇ ਨਾਮੁ ਪਾਈਐ
ਅਉਧੂ ਜੋਗ ਜੁਗਤਿ ਤਾ ਹੋਈ ॥
ਕਰਿ ਬੀਚਾਰੁ ਮਨਿ ਦੇਖਹੁ ਨਾਨਕ
ਬਿਨੁ ਨਾਵੈ ਮੁਕਤਿ ਨ ਹੋਈ ॥

**–ਸ੍ਰੀ ਗੁਰੂ ਨਾਨਕ ਦੇਵ ਜੀ**

ਨਾਨਕ ਕੀ ਅਰਦਾਸਿ ਸੁਣੀਜੈ ॥
ਕੇਵਲ ਨਾਮੁ ਰਿਦੇ ਮਹਿ ਦੀਜੈ ।

ਨਾਨਕ ਨਾਮੁ ਮਿਲੈ ਤਾਂ ਜੀਵਾਂ
ਤਨੁ ਮਨੁ ਥੀਵੈ ਹਰਿਆ ॥

**–ਸ੍ਰੀ ਗੁਰੂ ਅਰਜਨ ਦੇਵ ਜੀ**

*ਆਪਿ ਨਰਾਇਣੁ ਕਲਾ ਧਾਰਿ*
*ਜਗ ਮਹਿ ਪਰਵਰਿਯਉ ॥*

*ਨਿਰੰਕਾਰਿ ਆਕਾਰੁ ਜੋਤਿ*
*ਜਗ ਮੰਡਲਿ ਕਰਿਯਉ ॥*

ਮੇਰੇ ਸਾਹਿਬ, ਸਿਰਤਾਜ, ਗੁਰੂ ਅਮਰਦਾਸ ਜੀ ਸੱਚੇ ਪਾਤਸ਼ਾਹ ਇਕ ਫ਼ਕੀਰ **'ਦਰਵੇਸ਼'** ਦੇ ਉੱਤੇ ਪ੍ਰਕਾਸ਼ ਬਖਸ਼ ਰਹੇ ਹਨ। ਸਾਹਿਬ ਸ਼ਬਦ ਉਚਾਰਦੇ ਹਨ ਆਪਣੀ ਅੰਮ੍ਰਿਤ ਬਾਣੀ ਵਿੱਚ ਕਿ **ਦਰਵੇਸ਼** ਕੌਣ ਹੈ?

*ਦਰਵੇਸੀ ਕੋ ਜਾਣਸੀ ਵਿਰਲਾ ਕੋ ਦਰਵੇਸੁ ॥*

*ਜੇ ਘਰਿ ਘਰਿ ਹੰਢੈ ਮੰਗਦਾ*
*ਧਿਗੁ ਜੀਵਣੁ ਧਿਗੁ ਵੇਸੁ ॥*

*ਜੇ ਆਸਾ ਅੰਦੇਸਾ ਤਜਿ ਰਹੈ*
*ਗੁਰਮੁਖਿ ਭਿਖਿਆ ਨਾਉ ॥*

*ਤਿਸ ਕੇ ਚਰਨ ਪਖਾਲੀਅਹਿ*
*ਨਾਨਕ ਹਉ ਬਲਿਹਾਰੈ ਜਾਉ ॥*

ਸਾਹਿਬ ਫੁਰਮਾ ਰਹੇ ਹਨ ਜੇ ਘਰ-ਘਰ ਭੀਖਸ਼ਾ ਮੰਗਦਾ ਫਿਰਦਾ ਹੈ ਉਸਦਾ ਜੀਵਨ ਵੀ ਤੇ

ਉਸ ਦਾ ਭੇਖ ਵੀ ਇਹ ਧ੍ਰਿਗ ਹੈ **"ਜੇ ਆਸਾ ਅੰਦੇਸਾ ਤਜਿ ਰਹੈ ਗੁਰਮੁਖਿ ਭਿਖਿਆ ਨਾਉ"** ਜਿਹੜਾ ਅਸਲ ਦਰਵੇਸ਼ ਹੈ, ਫ਼ਕੀਰ ਹੈ ਉਸਨੇ ਇਹ ਆਸਾ ਨੂੰ, ਮਨਸਾ ਨੂੰ ਪੂਰਨ ਤੌਰ ਤੇ ਤਿਆਗਿਆ ਹੁੰਦਾ ਹੈ। ਇਹ ਆਸਾ, ਮਨਸਾ, ਚਿੰਤਾ ਤੋਂ ਬਿਲਕੁੱਲ ਨਿਰਲੇਪ ਹੁੰਦਾ ਹੈ। ਜੱਦ ਮੰਗਦਾ ਹੀ ਨਹੀਂ ਕਿਸੇ ਕੋਲੋਂ ਕੋਈ ਚੀਜ਼ ਔਰ ਕਿਹੜੀ ਚੀਜ਼ ਨਾਲ ਨਿਵਾਜਿਆ ਗਿਆ ਹੈ, ਉਸ ਗੁਰਮੁੱਖ ਨੇ, ਦਰਵੇਸ਼ ਨੇ, ਉਸ ਫਕੀਰ ਨੇ ਆਪਣੇ ਸਤਿਗੁਰੂ ਕੋਲੋਂ ਭੀਖਿਆ ਕਿਹੜੀ ਲੈ ਲਈ ਹੈ? ਉਹ ਹੈ ਨਾਮ ਦੀ, ਨਾਮ ਦੇ ਨਾਲ ਸਤਿਗੁਰੂ ਤੋਂ ਨਿਵਾਜ਼ਿਆ ਗਿਆ ਹੈ। ਸਾਧ ਸੰਗਤ ਜੀ, ਜਿਸ ਦੇ ਵਿੱਚ ਉਹ ਪੂਰਨ ਸੰਤੋਖ ਦੇ ਵਿੱਚ ਹੈ, ਕਿਸੇ ਕੋਲੋਂ ਕੋਈ ਚੀਜ਼ ਨਹੀਂ ਮੰਗਦਾ ਫਿਰ ਸਾਹਿਬ ਫੁਰਮਾਉਂਦੇ ਕੀ ਹਨ? **"ਤਿਸ ਕੇ ਚਰਨ ਪਖਾਲੀਅਹਿ ਨਾਨਕ ਹਉ ਬਲਿਹਾਰੈ ਜਾਉ"** ਮੈਂ ਉਸ ਦੇ ਚਰਨਾਂ ਨੂੰ ਧੌਂਦਾ ਹਾਂ ਉਸ ਤੋਂ ਬਲਿਹਾਰ ਜਾਨਾ ਹਾਂ ਤੇ ਸਦਕੇ ਜਾਨਾ ਹਾਂ।

**ਸਾਧ ਸੰਗਤ ਜੀ, ਮੇਰੇ ਬਾਬਾ ਨੰਦ ਸਿੰਘ ਸਾਹਿਬ ਦਾ ਜਿਹੜਾ ਪਹਿਲਾ ਨੇਮ ਸੀ ਉਹ ਸੀ ਕਿਸੇ ਕੋਲੋਂ ਕਦੇ ਕੋਈ ਚੀਜ਼ ਨਹੀਂ ਮੰਗਣੀ।**

ਬਾਬਾ ਨੰਦ ਸਿੰਘ ਸਾਹਿਬ ਜੰਗਲ ਵਿੱਚ ਤੁਰੇ ਜਾ ਰਹੇ ਹਨ ਇਕ ਚਾਦਰਾ ਉੜਿਆ ਹੋਇਆ ਹੈ ਇਕ ਨਾਲਾ ਹੈ ਔਰ ਭਰਿਆ ਹੋਇਆ ਹੈ ਔਰ ਬੜਾ ਤੇਜ਼ ਚੱਲ ਰਿਹਾ ਹੈ ਰਸਤੇ ਵਿੱਚ ਆ ਗਿਆ ਹੈ ਸਾਹਿਬ ਖੜ੍ਹੇ ਹੋ ਗਏ, ਪਾਰ ਕਰਨਾ ਹੈ। ਇੰਨੀ ਦੇਰ ਨੂੰ ਪਿੱਛੋਂ ਦੀ ਇਕ ਹੋਰ ਜਨਾਂ ਆ ਕੇ ਉੱਥੇ ਨਾਲੇ ਤੇ ਖੜ੍ਹਾ ਹੋ ਕੇ ਨਾਲੇ ਨੂੰ ਪਾਰ ਕਰਨ ਲੱਗਾ, ਦੇਖਿਆ ਬਾਬਾ ਜੀ ਤਰਫ਼ੋ ਪੁੱਛਿਆ ਕਿ ਤੁਸੀ ਵੀ ਨਾਲਾ ਪਰ ਕਰਨਾ ਹੈ ਬਾਬਾ ਜੀ ਨੇ ਹਾਂ ਕਹੀ। ਕਹਿਣ ਲੱਗਾ ਜੀ ਮੈਂ ਪਾਰ ਕਰਵਾ ਦਿੰਦਾ ਹਾਂ

ਉਨ੍ਹੇ ਉਹ ਨਾਲਾ ਪਾਰ ਕਰਵਾਇਆ ਹੈ ਔਰ ਉਸ ਕਿਨਾਰੇ ਤੇ ਪਹੁੰਚਦੇ ਹੀ ਉਸਨੇ ਕਿਹਾ ਕਿ ਮੇਰੀ ਮਜ਼ਦੂਰੀ, ਸਾਹਿਬ ਨੇ ਦੇਖਿਆ ਉਹਦੇ ਵੱਲ। ਚਾਦਰ ਉੱਤੇ ਉੜ੍ਹੀ ਹੋਈ ਸੀ ਉਹ ਉਤਾਰੀ ਹੈ ਉਸਨੂੰ ਦੇਣ ਲੱਗੇ ਕਹਿਣ ਲੱਗੇ, ਦੇਖ ਭੱਲੇ ਲੋਕਾ, ਅਸੀ ਫ਼ਕੀਰ ਲੋਕ ਹਾਂ, ਦਰਵੇਸ਼ ਹਾਂ ਅਸੀ ਪੈਸਾ ਨਹੀਂ ਆਪਣੇ ਪਾਸ ਰੱਖਦੇ ਆਹ ਸਾਡੇ ਪਾਸ ਇਕੋ ਚਾਦਰ ਹੈ ਇਹ ਚਾਦਰ ਤੂੰ ਲੈ ਲੈ। ਜਿਸ ਵਕਤ ਉਹ ਚਾਦਰ ਲਾਹੀ ਤਾਂ ਉਸ ਨੇ ਦੇਖਿਆ ਕਿ ਇਕ ਲੰਬਾ ਸਿੱਖੀ ਕਸ਼ੈਹਰਾ ਪਾਇਆ ਹੋਇਆ ਹੈ। ਉਸਦੇ ਮੁੱਖੋਂ ਸੁਭਾਵਿਕ ਹੀ ਨਿਕਲਿਆ ਕਿ ਤੁਸੀ ਤਾਂ ਸਿੱਖ ਹੋ ਤੇ ਉਹਦਾ ਜਵਾਬ ਬਾਬਾ ਨੰਦ ਸਿੰਘ ਸਾਹਿਬ ਦੇ ਰਹੇ ਹਨ ਕਿ ਦੇਖ ਅਸੀ ਗੁਰੂ ਨਾਨਕ ਦੇ ਸਿੱਖ ਹਾਂ ਪਰ ਹੈ ਦਰਵੇਸ਼ ਤੇ ਫ਼ਕੀਰ। ਫਿਰ ਉਹ ਕਹਿਣ ਲੱਗਾ ਜੀ **ਫ਼ਕੀਰ** ਦਾ ਕੀ ਮਤਲਬ ਹੋਇਆ? ਕਹਿਣ ਲੱਗੇ, ਦੇਖ! ਫ਼ਕੀਰ ਉਹ ਹੈ ਜਿਹੜਾ ਫ਼ਾਕਿਆਂ ਵਿੱਚ ਮੱਸਤ ਰਹੇ, ਫ਼ਾਕਿਆਂ ਵਿੱਚ ਤ੍ਰਿਪਤ ਰਹੇ ਉਹ ਫ਼ਕੀਰ ਹੈ।

ਜਿਸ ਨੇ ਇਹ ਸਾਰੇ ਸੰਸਾਰ, ਜਿਸਨੂੰ ਗੁਰੂ ਤੇਗ ਬਹਾਦਰ ਸਾਹਿਬ ਜੰਜਾਲ ਕਹਿੰਦੇ ਹਨ, ਗੁਰੂ ਨਾਨਕ ਪਾਤਸ਼ਾਹ ਕੂੜ ਦਾ ਪਸਾਰਾ ਕਹਿੰਦੇ ਹਨ ਜਿਹੜਾ ਸਿਰਫ਼ ਅਗਨ ਸਾਗਰ ਹੈ ਅੱਗ ਦਾ ਹੀ ਸਮੁੰਦਰ ਹੈ ਜਿਸਨੇ ਵੀ ਇਸ ਜੰਜਾਲ ਤੋਂ ਇਹ ਪੂਰੇ ਸੰਸਾਰ ਤੋਂ ਕਿਨਾਰਾ ਕੀਤਾ ਹੋਏ ਉਹ **ਫ਼ਕੀਰ** ਹੈ। ਉਨ੍ਹੇ ਪੁੱਛਿਆ ਜੀ ਕਿ ਫੇਰ 'ਰ' ਦਾ ਮਤੱਲਬ ਕੀ ਹੈ? ਬਾਬਾ ਨੰਦ ਸਿੰਘ ਸਾਹਿਬ ਕਹਿਣ ਲੱਗੇ ਜਿਹੜਾ ਸਭ ਦੇ ਉੱਤੇ ਰਹਿਮ ਕਰਦਾ ਹੈ, ਦਇਆ ਕਰਦਾ ਹੈ ਉਸ ਵੇਲੇ ਸਾਧ ਸੰਗਤ ਜੀ, ਬਾਬਾ ਨੰਦ ਸਿੰਘ ਸਾਹਿਬ ਜਿਸ ਤਰ੍ਹਾਂ ਫੁਰਮਾ ਰਹੇ ਹਨ ਪਿਤਾ ਜੀ ਕਹਿਣ ਲੱਗੇ, ਮੇਰੇ ਸਾਹਿਬ ਬਾਬਾ ਨੰਦ ਸਿੰਘ ਸਾਹਿਬ, ਮੇਰੇ ਗੁਰੂ ਨਾਨਕ ਪਾਤਸ਼ਾਹ, ਦਸੌਂ ਪਾਤਸ਼ਾਹਿਆਂ ਦਇਆ ਔਰ ਤਰਸ ਨਾਲ ਭਰੇ ਹੋਏ ਹਨ ਉਨ੍ਹਾਂ ਦਾ ਸਰੂਪ ਹੀ ਦਇਆ ਹੈ, ਉਨ੍ਹਾਂ ਦਾ ਸਰੂਪ ਹੀ ਤਰਸ ਕਰਨਾ ਹੈ, ਰਹਿਮ ਕਰਨਾ ਹੈ,

ਉਨ੍ਹਾਂ ਦਾ ਸਰੂਪ ਹੀ ਸਭ ਨੂੰ ਬਖਸ਼ਨਾ ਹੈ। ਉਸ ਵੇਲੇ ਬਾਬਾ ਨੰਦ ਸਿੰਘ ਸਾਹਿਬ ਕੀ ਫ਼ੁਰਮਾ ਰਹੇ ਹਨ ਕਿ ਉਹ ਸਭ ਦੇ ਉੱਤੇ ਰਹਿਮ ਕਰਦਾ ਹੈ, ਉਹ ਸਭ ਦੇ ਉੱਤੇ ਦਇਆ ਕਰਦਾ ਹੈ।

*ਬ੍ਰਹਮ ਗਿਆਨੀ ਕੀ ਸਭ ਊਪਰਿ ਮਇਆ ॥*
*ਬ੍ਰਹਮ ਗਿਆਨੀ ਤੇ ਕਛੁ ਬੁਰਾ ਨ ਭਇਆ ॥*

*ਬ੍ਰਹਮ ਗਿਆਨੀ ਸਗਲ ਕੀ ਰੀਨਾ ॥*

*ਬ੍ਰਹਮ ਗਿਆਨੀ ਅਨਾਥ ਕਾ ਨਾਥੁ ॥*
*ਬ੍ਰਹਮ ਗਿਆਨੀ ਕਾ ਸਭ ਊਪਰਿ ਹਾਥੁ ॥*

ਸਾਰਿਆਂ ਦੇ ਚਰਨਾਂ ਦੀ ਧੂੜ ਬਣ ਕੇ, ਜਿਸ ਨਿਮਰਤਾ ਔਰ ਗਰੀਬੀ ਦੇ ਵਿੱਚ ਦਇਆ ਔਰ ਤਰਸ ਕਰਦਾ ਹੈ, ਸਭ ਨੂੰ ਬਖਸ਼ਦਾ ਜਾਂਦਾ ਹੈ ਬਾਬਾ ਨੰਦ ਸਿੰਘ ਸਾਹਿਬ ਨੇ ਫੁਰਮਾਇਆ ਕਿ ਸਭ ਦੇ ਉੱਤੇ ਰਹਿਮ ਕਰਦਾ ਹੈ, ਦਇਆ ਕਰਦਾ ਹੈ, ਤਰਸ ਕਰਦਾ ਹੈ। ਉਹ ਹੱਥ ਜੋੜ ਕੇ ਖੜ੍ਹਾ ਹੋ ਗਿਆ ਕਿ ਗਰੀਬ ਨਿਵਾਜ ਮੇਰੇ ਉੱਤੇ ਦਇਆ ਕਰੋ, ਤਰਸ ਕਰੋ। ਬਾਬਾ ਨੰਦ ਸਿੰਘ ਸਾਹਿਬ ਨੇ ਉਹਦੇ ਵੱਲ ਦੇਖਿਆ, ਦਇਆ ਦੇ ਸਮੁੰਦਰ ਵਿੱਚ ਆਏ ਕਹਿਣ ਲੱਗੇ ਦੇਖ ਭਲੇ ਲੋਕਾ ਤੂੰ ਸਾਨੂੰ ਇਹ ਨਾਲਾ ਪਾਰ ਕਰਵਾਇਆ ਹੈ ਅਸੀ ਤੈਨੂੰ ਇਹ ਭਵਸਾਗਰ ਪਾਰ ਕਰਵਾ ਦਵਾਂਗੇ ਔਰ ਬਾਬਾ ਨੰਦ ਸਿੰਘ ਸਾਹਿਬ ਇਹ ਕਹਿ ਕੇ ਅੱਗੇ ਆਪਣੇ ਰਸਤੇ ਨੂੰ ਤੁਰ ਪਏ।

# ਕੰਚਨ ਔਰ ਕਾਮਨੀ (ਬਾਬਿਆਂ ਦਾ ਦੂਜਾ ਤੇ ਤੀਜਾ ਨੇਮ)

ਆਪਣੇ ਅਨਮੋਲ ਪਾਵਨ ਬਚਨ ਜ਼ਾਰੀ ਰਖਦੇ ਹੋਏ ਪਿਤਾ ਜੀ ਬਾਬਾ ਨੰਦ ਸਿੰਘ ਸਾਹਿਬ ਦੇ ਦੂਸਰੇ ਤੇ ਤੀਸਰੇ ਪ੍ਰਕਾਸ਼ ਮਈ ਨੇਮਾਂ ਦੇ ਬਾਰੇ ਵਿੱਚ ਦੱਸ ਰਹੇ ਹਨ।ਸ਼ੁਰੂ ਵਿੱਚ ਹੀ ਫੁਰਮਾਉਣ ਲੱਗੇ ਕੀ ਮੇਰੇ ਸਾਹਿਬ ਨਿਰੰਕਾਰ ਗੁਰੂ ਨਾਨਕ ਪਾਤਸ਼ਾਹ ਇਹੀ **ਕੰਚਨ** ਔਰ **ਕਾਮਨੀ** ਦੇ ਬਾਰੇ ਵਿੱਚ ਕੀ ਫੁਰਮਾ ਰਹੇ ਹਨ?

*ਦੁਖੀ ਦੁਨੀ ਸਹੇੜੀਐ ਜਾਇ ਤ ਲਗਹਿ ਦੁਖ ॥*

*ਨਾਨਕ ਸਚੇ ਨਾਮ ਬਿਨੁ ਕਿਸੈ ਨ ਲਥੀ ਭੁਖ ॥*

*ਰੂਪੀ ਭੁਖ ਨ ਉਤਰੈ ਜਾਂ ਦੇਖਾਂ ਤਾਂ ਭੁਖ ॥*

*ਜੇਤੇ ਰਸ ਸਰੀਰ ਕੇ ਤੇਤੇ ਲਗਹਿ ਦੁਖ ॥*

*ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥*

*ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ ॥*

*ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਣਹਾਰੁ ॥*

*ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ ॥*

*ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ ॥*

*ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ ॥*

*ਕਿਸੁ ਨਾਲਿ ਕੀਚੈ ਦੋਸਤੀ*
*ਸਭੁ ਜਗੁ ਚਲਣਹਾਰੁ ॥*

*ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ ॥*

*ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ ॥*

***–ਸ੍ਰੀ ਗੁਰੂ ਨਾਨਕ ਦੇਵ ਜੀ***

ਇਹ ਦੋ ਪਾਵਨ ਸ਼ਬਦਾਂ ਵਿੱਚ ਗੁਰੂ ਨਾਨਕ ਪਾਤਸ਼ਾਹ **'ਕੰਚਨ'** ਔਰ **'ਕਾਮਨੀ'** ਦੇ ਬਾਰੇ ਚ ਪ੍ਰਕਾਸ਼ ਪਾ ਰਹੇ ਹਨ। ਸਾਧ ਸੰਗਤ ਜੀ, ਇਹ ਮਾਇਆ ਦੇ ਦੋ ਰੂਪ ਹਨ, ਇਕ ਸਿੱਕੇ ਦੇ ਦੋ ਪਾਸੇ ਹਨ। ਇਕ **ਕੰਚਨ** (ਸੋਨਾ) ਦੂਜਾ ਹੈ **ਕਾਮਨੀ, ਕਾਮਨੀ ਦਾ ਰੂਪ**। ਸਾਹਿਬ ਪਹਿਲੇ ਸ਼ਬਦ ਵਿਚ ਸਮਝਾਦੇਂ ਹਨ ਕਿ ਇਹ ਜਿਹੜਾ ਕੰਚਨ ਹੈ, ਇਹ ਜਿਹੜਾ ਦੁੱਖ ਹੈ ਇਹ ਪ੍ਰਾਨੀ ਨੇ ਆਪ ਹੀ ਸਹੇੜਿਆ ਹੋਇਆ ਹੈ ਔਰ ਇਹ ਦੁੱਖ ਹੀ ਦੁੱਖ ਹੈ। ਫਿਰ ਜਿਸ ਵਕਤ ਕਾਮਨੀ ਦੇ ਰੂਪ ਦੀ ਗੱਲ ਕਰਦੇ ਹਨ ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਫੁਰਮਾ ਰਹੇ ਹਨ ਕਿ ਇਸ ਰੂਪ ਦੀ ਭੁੱਖ ਨੂੰ ਜਿੱਤਨਾ ਅਸੰਭਵ ਹੈ, ਮੁਸ਼ਕਿਲ ਹੈ, ਅਤਿ ਕਠ੍ਹਿਨ ਹੈ। ਸਾਧ ਸੰਗਤ ਜੀ ਫਿਰ ਪਿਤਾ ਜੀ ਨੇ ਇਕ ਪਾਵਨ ਸਾਖਾ ਸੁਣਾਇਆ।

ਬਾਬਾ ਨੰਦ ਸਿੰਘ ਸਾਹਿਬ ਹਰਿਦਵਾਰ ਦੇ ਜੰਗਲਾਂ ਵਿਚ ਗਮਨ ਕਰ ਰਹੇ ਹਨ। ਇਕ ਜਗ੍ਹਾ ਦੇਖਿਆ ਕਿ ਇਕ ਸੰਤ ਮੰਡਲੀ ਬੈਠੀ ਹੈ। ਬੜੇ ਸੰਤ ਆਪਣੇ ਪੂਜਿਆ ਮੁੱਖੀ ਸੰਤ ਜੀ ਦੇ ਚਰਨਾ ਦੇ ਵਿਚ ਬਿਰਾਜਮਾਨ ਹਨ ਤੇ ਚਰਚਾ ਚਲ ਰਹੀ ਹੈ। ਬਾਬਾ ਨੰਦ ਸਿੰਘ ਸਾਹਿਬ ਸਭ ਤੋਂ ਪਿੱਛੇ ਬੈਠ ਗਏ। ਸੁਣਿਆ ਕਿ ਚਰਚਾ ਚਲ ਰਹੀ ਹੈ **ਕੰਚਨ** ਤੇ **ਕਾਮਨੀ** ਦੇ ਉੱਤੇ ਕਿ ਇਸ ਘੋਰ ਅੰਧਕਾਰ ਕਲਿਜੁਗ ਦੇ ਵਿਚ ਵੀ ਇਸ ਮਾਇਆ ਦੇ ਦੋ ਰੂਪਾਂ ਨੂੰ ਕੋਈ ਫਤਿਹ ਕਰ ਸੱਕਦਾ ਹੈ? ਵਿਚੋਂ ਦੋ ਤਿੰਨ ਜਨੇ ਹਥ ਜੋੜ ਕੇ ਆਪਣੇ ਮੁੱਖੀ ਪੂਜਯ ਸੰਤ ਜੀ ਨੂੰ ਪੁੱਛ ਰਹੇ ਹਨ ਕਿ ਗਰੀਬ ਨਿਵਾਜ਼ ਤੁਸੀ ਬੜੀ ਕਮਾਈ ਔਰ ਕਰਨੀ ਵਾਲੇ ਹੋ। ਤੁਸੀ ਇਸ ਦੇ ਉੱਤੇ ਆਪਣੀ ਅਵੱਸਥਾ ਦੇ ਉੱਤੇ ਪ੍ਰਕਾਸ਼ ਪਾਉ।

ਸੰਤ ਜੀ ਥੋੜ੍ਹੀ ਦੇਰ ਚੁੱਪ ਕਰ ਗਏ, ਫੁਰਮਾਣ ਲੱਗੇ ਕਿ ਦੇਖੋ ਜਿੱਥੋਂ ਤਕ ਕੰਚਨ ਦਾ ਸਵਾਲ ਹੈ ਸੋਨਾ, ਇਹ ਸਾਨੂੰ ਮੋਹ ਨਹੀ ਸੱਕਦਾ, ਇਹ ਸਾਨੂੰ ਆਕਰਸ਼ਿਤ ਨਹੀ ਕਰ ਸੱਕਦਾ। ਕਾਮਨੀ ਦੇ ਰੂਪ ਦਾ ਜਿਹੜਾ ਤੁਸੀ ਸਵਾਲ ਪੁੱਛਿਆ ਹੈ ਅਸੀ ਇਹ ਚੀਜ਼ ਵਾਂਝਾ ਕਰ ਦੇਣਾ ਚਾਹੁੰਦੇ ਹਾਂ ਕਿ ਸਾਨੂੰ ਇੱਦਾਂ ਦਾ ਪਰਚਾ ਪੈ ਜਾਏ ਤਾਂ ਦਾਵ੍ਹੇ ਨਾਲ ਨਹੀ ਕਹਿ ਸੱਕਦੇ ਕਿ ਅਸੀ ਉਸ ਦੇ ਵਿਚ ਕਾਮਯਾਬ ਹੋ ਜਾਵਾਂਗੇ। ਫਿਰ ਸੁਭਾਵਕ ਹੀ ਉਨ੍ਹਾਂ ਨੇ ਜਿਹੜਾ ਪੁੱਛਿਆ ਹੈ ਕਿ ਜੀ ਫਿਰ ਇਸ ਘੋਰ ਅੰਧਕਾਰ ਕਲਿਯੁਗ ਵਿਚ ਕੋਈ ਐਸਾ ਮਹਾਪੁਰਸ਼ ਹੈ ਜਿਸਨੇ ਇਹ ਮਾਇਆ ਦੇ ਦੋਨਾਂ ਰੂਪਾਂ ਨੂੰ ਫਤਿਹ ਕੀਤਾ ਹੋਵੇ।

**ਅੰਤਰ ਧਿਆਨ ਹੋ ਗਏ ਹਨ, ਨੇਤਰ ਖੋਲ੍ਹੇ ਹਨ ਤੇ ਜਵਾਬ ਦੇ ਰਹੇ ਹਨ ਕਿ ਇਸ ਘੋਰ ਅੰਧਕਾਰ ਕਲਿਯੁਗ ਵਿਚ ਜਿਸਨੇ ਫਤਿਹ ਕੀਤਾ ਹੋਇਆ ਹੈ ਇਸ ਮਾਇਆ ਦੇ ਦੋਵੇਂ**

ਰੂਪਾਂ ਨੂੰ, ਜਿਨ੍ਹੇ ਕੰਚਨ ਤੇ ਕਾਮਨੀ ਦੇ ਰੂਪ ਨੂੰ ਵੀ ਮਾਰਿਆ ਹੋਇਆ, ਲਤਾੜਿਆ ਹੋਇਆ ਹੈ, ਫਤਿਹ ਕੀਤਾ ਹੋਇਆ ਹੈ ਉਹ ਮਹਾਪੁਰਸ਼ ਤਾਂ ਇਸ ਵੇਲੇ ਸਾਡੇ ਇਕੱਠ ਦੇ ਵਿਚ ਸਭ ਤੋਂ ਪਿੱਛੇ ਬੈਠਾ ਹੈ। ਇੰਨਾ ਕਹਿਕੇ ਨਾਮ ਲਿਆ ਹੈ ਉਨ੍ਹਾਂ ਨੇ ਬਾਬਾ ਨੰਦ ਸਿੰਘ ਸਾਹਿਬ ਦਾ ਤੇ ਬਾਬਾ ਨੰਦ ਸਾਹਿਬ ਜਿਨ੍ਹਾਂ ਨੇ ਇਕ ਲੇਸ ਮਾਤਰ ਮਾਨ ਸਾਰੀ ਜਿੰਦਗੀ ਆਪਣੇ ਉੱਤੇ ਨਹੀ ਲਿਆ ਜਿਨ੍ਹਾਂ ਨੂੰ ਲੇਸ ਮਾਤਰ ਮਾਨ ਛੂ ਨਹੀ ਸੱਕਿਆ, ਬਾਬਾ ਨੰਦ ਸਿੰਘ ਸਾਹਿਬ ਜਿਨ੍ਹਾਂ ਨੂੰ ਇਕ ਤਿੱਲ ਦੀ ਤਮਾ ਨਹੀ ਪੂਰਨ ਤੌਰ ਤੇ ਬੇਮੁਹਤਾਜ ਤੇ ਬੇਪਰਵਾਹ ਹਨ, ਉਹ ਗੁਰੂ ਨਾਨਕ ਪਾਤਸ਼ਾਹ ਦੇ ਚਰਨ ਕਮਲਾਂ ਦਾ ਪ੍ਰਕਾਸ਼ ਸੀ ਉੱਥੋਂ ਉੱਠ ਕੇ ਪਿੱਛੇ ਨੂੰ ਤੁਰਿਆ ਜਾ ਰਿਹਾ ਸੀ।

ਸਾਧ ਸੰਗਤ ਜੀ, ਦੂਜਾ ਨੇਮ ਬਾਬਾ ਨੰਦ ਸਿੰਘ ਸਾਹਿਬ ਦਾ 'ਕਦੀ ਪੈਸੇ ਨੂੰ ਹੱਥ ਨਹੀ ਲਾਉਣਾ'। ਬਾਬਾ ਨੰਦ ਸਿੰਘ ਸਾਹਿਬ ਨੇ ਸਾਰੀ ਜਿੰਦਗੀ ਪੈਸੇ ਨੂੰ ਹੱਥ ਲਾ ਕੇ ਦੇਖਿਆ ਨਹੀ ਕਿ ਉਹ ਲਗਦਾ ਕਿਸ ਤਰ੍ਹਾਂ ਦਾ ਹੈ।

ਤੀਜਾ ਨੇਮ ਉਨ੍ਹਾਂ ਦਾ ਕਦੀ ਇਕੱਲੀ ਇਸਤਰੀ ਨਾਲ ਭੇਟ ਨਹੀ ਕਰਨੀ, ਉਹਦੇ ਨਾਲ ਗੱਲ ਨਹੀ ਕਰਨੀ। ਸਾਰੀ ਜਿੰਦਗੀ ਬਾਬਾ ਨੰਦ ਸਿੰਘ ਸਾਹਿਬ ਨੇ ਇਕੱਲੀ ਇਸਤਰੀ ਨਾਲ ਗੱਲ ਨਹੀ ਕੀਤੀ।

# ਨੰਦ ਸਿੰਘ ਦੀ ਇਕ ਸੂਈ ਦੇ ਨੱਕੇ ਜਿੰਨੀ ਮੈਰ ਨਾ ਹੋਵੇ (ਬਾਬਿਆਂ ਦਾ ਚੋਥਾ ਨੇਮ)

ਬਾਬਾ ਨੰਦ ਸਿੰਘ ਸਾਹਿਬ ਦਾ ਅਗਲਾ ਨੇਮ ਕਿ ਇਕ ਸੂਈ ਦੇ ਨੱਕੇ ਜਿੰਨੀ ਥਾਂ ਨਹੀ ਉਨ੍ਹਾਂ ਨੇ ਬਣਾਈ।

**ਜਿਸ ਵਕਤ ਬਾਬਾ ਹਰਿਨਾਮ ਸਿੰਘ ਸਾਹਿਬ ਨੇ, ਬਾਬਾ ਨੰਦ ਸਿੰਘ ਸਾਹਿਬ ਨੂੰ ਪੁੱਛਿਆ ਮੰਗੋਂ ਕੀ ਮੰਗਦੇ ਹੋ ਤਾਂ ਬਾਬਾ ਨੰਦ ਸਿੰਘ ਸਾਹਿਬ ਨੇ ਹੱਥ ਜੋੜ ਕੇ ਜਵਾਬ ਦਿੱਤਾ ਕਿ ਨੰਦ ਸਿੰਘ ਦੀ ਇਕ ਸੂਈ ਦੇ ਨੱਕੇ ਜਿੰਨੀ ਮੈਰ ਨਾ ਹੋਵੇ। ਇਕ ਸੂਈ ਦੇ ਨੱਕੇ ਜਿੰਨੀ ਕੋਈ ਥਾਂ ਨਾ ਹੋਵੇ।**

ਸਾਧ ਸੰਗਤ ਜੀ ਬਾਬਾ ਨੰਦ ਸਿੰਘ ਸਾਹਿਬ ਨੇ ਕੋਈ ਨਿਸ਼ਾਨੀ ਨਹੀ ਪਾਈ, ਫੁਰਮਾਇਆ ਅਸੀ ਨਿਸ਼ਾਨੀਆਂ ਪਾਉਣੀਆਂ ਹਨ ਯਾ ਢਾਉਣੀਆਂ ਹਨ। ਇਸ ਫਾਨੀ ਸੰਸਾਰ ਦੇ ਵਿਚ ਗੁਰਮੁੱਖ ਨੇ ਨਿਸ਼ਾਨੀ ਪਾਉਣੀ ਹੈ ਯਾ ਉਹ ਨਿਸ਼ਾਨੀਆਂ ਢਾਉਣੀਆਂ ਹਨ। ਫੁਰਮਾਣ ਲੱਗੇ ਗੁਰਮੁੱਖ ਜਿਸਦਾ ਮੁੱਖ ਹਮੇਸ਼ਾ ਗੁਰੂ ਵੱਲ ਹੀ ਰਹਿੰਦਾ ਹੈ, ਜਿਸਦਾ ਧਿਆਨ ਹਰ ਵੇਲੇ ਗੁਰੂ ਚਰਨਾ ਵਿਚ ਜੁੜਿਆ ਰਹਿੰਦਾ ਹੈ ਉਹ ਕਦੀ ਪਿੱਛੇ ਮੁੜ ਕੇ ਦੇਖੇਗਾ ਕਿ ਇਸ ਫਾਨੀ ਸੰਸਾਰ ਵਿਚ, ਇਸ ਮ੍ਰਿਤ ਲੋਕ ਵਿਚ ਉਹਦੀ ਵੀ ਕੋਈ ਨਿਸ਼ਾਨੀ ਤੇ ਯਾਦਗਾਰ ਬਣੀ ਹੋਈ ਹੈ? ਸਾਧ ਸੰਗਤ ਜੀ ਬਾਬਾ ਜੀ ਦੀ ਜਿੰਦਗੀ

ਵਿਚ ਇਸ ਤਰ੍ਹਾਂ ਦੀਆਂ ਚੀਜਾਂ ਅਸੰਭਵ ਸਨ। ਬਾਬਾ ਨੰਦ ਸਿੰਘ ਸਾਹਿਬ ਨੇ ਇਹਦੇ ਉੱਤੇ ਕੋਈ ਸ਼ੰਕਾ ਨਹੀ ਛੱਡਿਆ।

*ਬਾਬਾ ਜੀ ਦੇ ਦਰ ਤੇ,*
*ਕਾਮਨੀ ਕੰਚਨ ਦਾ ਅਸਥਾਨ ਨਹੀ ਹੈ ।*

*ਬਾਬੇ ਨੰਦ ਸਿੰਘ ਜੀ ਦੇ ਦਰ ਤੇ,*
*ਕੋਈ ਮਾਇਆ ਪ੍ਰਵਾਨ ਨਹੀ ਹੈ ।*

*ਉਹ ਪੂਰਨੇ ਕੋਈ ਨਹੀ ਪਾ ਸੱਕਦਾ,*
*ਜੋ ਪੂਰਨੇ ਬਾਬਾ ਜੀ ਤੁਸੀ ਪਾ ਗਏ ਉ ।*

*ਗੁਰੂ ਗ੍ਰੰਥ ਦੀ ਜੋਤ ਵਿਚੋਂ,*
*ਨਿਰੰਕਾਰ ਨੂੰ ਪ੍ਰਤੱਖ ਦਿਖਾ ਗਏ ਉ ।*

*ਕਦੇ ਮਾਇਆ ਨੂੰ ਹੱਥ ਨਾ ਲਾਉਣ ਬਾਬੇ,*
*ਏਨ੍ਹੇ ਬੇਪਰਵਾਹ ਹਜ਼ੂਰ ਹੁੰਦੇ ।*

*ਇਕ ਤਿੱਲ ਦੀ ਤਮ੍ਹਾ ਨਾ ਰੱਖਣ ਬਾਬੇ,*
*ਜੋਤ ਨੂਰੋ ਨੂਰ ਹੁੰਦੇ ।*

*ਸੂਈ ਦੇ ਨੱਕੇ ਜਿੰਨੀ ਸ਼ੈ,*
*ਬਣਾਈ ਨਹੀਂ ਅਪਨਾਈ ਨਹੀ ।*

*ਐਸੀ ਖੇਡ ਰਚਾ ਗਏ ਨੇ,*
*ਵਾਹ ਵਾਹ ਬਾਬਾ ਨੰਦ ਸਿੰਘ ਜੀ ।*

*ਕੋਈ ਨਿਸ਼ਾਨੀ ਪਾਈ ਨਹੀਂ,*
*ਭੋਰੇ ਤੱਕ ਵੀ ਢਵਾ ਗਏ ਨੇ ।*

*ਗੁਰੂ ਗ੍ਰੰਥ ਦੇ ਨਾਮ ਤੇ ਆਪਣਾ,*
*ਨਾਮ ਤੇ ਨਿਸ਼ਾਨ ਮਿਟਾ ਗਏ ਨੇ ।*

*ਵਾਹ ਵਾਹ ਬਾਬਾ ਨੰਦ ਸਿੰਘ ਜੀ,*
*ਤੇਰਾ ਆਉਣਾ ਨਿਆਰਾ ।*

*ਗੁਰੂ ਗ੍ਰੰਥ ਤੇ ਘੋਲ ਘੁਮਾਇਆ,*
*ਆਪਣਾ ਜੀਵਣ ਸਾਰਾ ।*

*ਉਹ ਪੂਰਨੇ ਕੋਈ ਨਹੀ ਪਾ ਸੱਕਦਾ,*
*ਜੋ ਪੂਰਨੇ ਬਾਬਾ ਜੀ ਤੁਸੀਂ ਪਾ ਗਏ ਉ ।*

*ਗੁਰੂ ਗ੍ਰੰਥ ਦੀ ਜੋਤ ਵਿਚੋਂ, ਨਿਰੰਕਾਰ*
*ਨੂੰ ਪ੍ਰਤੱਖ ਦਿਖਾ ਗਏ ਉ ।*

# ਉਸਤੱਤ ਸਿਰਫ ਗੁਰੂ ਨਾਨਕ ਦੀ, ਨਿੰਦਿਆਂ ਸਿਰਫ ਆਪਣੀ (ਬਾਬਿਆਂ ਦਾ ਪੰਜਵਾ ਨੇਮ)

ਬਾਬਾ ਨੰਦ ਸਿੰਘ ਸਾਹਿਬ ਦਾ ਨੇਮ ਉਸਤੱਤ ਸਿਰਫ ਗੁਰੂ ਨਾਨਕ ਦੀ, ਨਿੰਦਿਆਂ ਸਿਰਫ ਆਪਣੀ। ਗੁਰੂ ਨਾਨਕ ਪਾਤਸ਼ਾਹ ਫੁਰਮਾਦੇਂ ਹਨ,

*ਪ੍ਰੇਮ ਪਰਾਇਣ ਪ੍ਰੀਤਮ ਰਾਉ ॥*
*ਨਦਰਿ ਕਰੈ ਤਾ ਬੂਝੈ ਨਾਉ ॥*

ਮੇਰੇ ਸਾਹਿਬ ਉਹ ਨਿਰੰਕਾਰ ਅਕਾਲ ਪੁਰਖ ਪ੍ਰਮੇਸਰ ਦੇ ਬਾਰੇ ਵਿਚ ਇਹ ਫੁਰਮਾਦੇਂ ਹਨ ਕਿ ਕਿਸਦੇ ਪਰਾਇਣ ਹਨ, ਆਪ ਹੀ ਉਸੇ ਪ੍ਰੇਮ ਪਰਾਇਣ ਹਨ। ਬਾਬਾ ਨੰਦ ਸਿੰਘ ਸਾਹਿਬ ਦਾ ਪੂਰਾ ਜੀਵਨ ਹੀ ਅਰਪਣ ਕੀਤਾ ਹੈ ਗੁਰੂ ਨਾਨਕ ਪਾਤਸ਼ਾਹ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਰਾਇਣ। ਸਾਧ ਸੰਗਤ ਜੀ ਕੋਈ ਸ਼ੰਕੇ ਵਾਲੀ ਗੱਲ ਤਾਂ ਨਹੀ ਹੈ ਕਿ ਉਹ ਪ੍ਰਮੇਸਰ, ਉਹ ਨਿਰੰਕਾਰ,

*ਪੋਥੀ ਪ੍ਰਮੇਸਰ ਕਾ ਥਾਨੁ ॥*

*ਵਾਹੁ ਵਾਹੁ ਬਾਣੀ ਨਿਰੰਕਾਰ ਹੈ ॥*

*ਬਾਣੀ ਗੁਰੂ ਗੁਰੂ ਹੈ ਬਾਣੀ ॥*

ਇਹ ਪ੍ਰਮੇਸਰ, ਨਿਰੰਕਾਰ, ਗੁਰੂ ਨਾਨਕ ਪ੍ਰਤੱਖ ਕਿੱਥੇ ਹੋਏਗਾ, ਪ੍ਰਗਟ ਕਿੱਥੇ ਹੋਏਗਾ? ਮੇਰੇ ਬਾਬਾ ਨੰਦ ਸਿੰਘ ਸਾਹਿਬ ਨੇ ਹੀ ਉਨ੍ਹਾਂ ਨੂੰ ਪ੍ਰਤੱਖ ਕੀਤਾ ਹੈ, ਪ੍ਰਗਟ ਕੀਤਾ ਹੈ। ਇਹ ਉਨ੍ਹਾਂ ਦੇ ਪ੍ਰੇਮ ਨੇ ਹੀ ਪ੍ਰਗਟ ਕੀਤਾ ਹੈ।

**ਜਿਸ ਤਰ੍ਹਾਂ ਬਾਬਾ ਨੰਦ ਸਿੰਘ ਸਾਹਿਬ ਪ੍ਰੇਮ ਪਰਾਇਣ ਸੀ ਨਿਰੰਕਾਰ ਸਰੂਪ ਗੁਰੂ ਨਾਨਕ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ, ਉਸੇ ਤਰ੍ਹਾਂ ਨਿਰੰਕਾਰ, ਪ੍ਰਮੇਸਰ, ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਗੁਰੂ ਨਾਨਕ ਪਾਤਸ਼ਾਹ ਪਰਾਇਣ ਹੋ ਗਏ ਬਾਬਾ ਨੰਦ ਸਿੰਘ ਸਾਹਿਬ ਦੇ ਪ੍ਰੇਮ ਤੇ।**

ਸਾਧ ਸੰਗਤ ਜੀ, ਇਸ ਵਿਚ ਕੋਈ ਛਕ ਤਾਂ ਨਹੀ ਕਿ ਗੁਰੂ ਨਾਨਕ ਪਾਤਸ਼ਾਹ ਸਤਿਗੁਰੂ ਦੇ ਸਰੂਪ ਵਿਚ ਆਏ ਹਨ, ਨਿਰੰਕਾਰ ਨੇ ਉਹ ਰੂਪ ਧਾਰਿਆ ਹੈ। ਕਲਿਜੁਗ ਦੇ ਮਾਲਕ ਹਨ, ਕਲਿਜੁਗ ਦੇ ਅਵਤਾਰ ਹਨ, ਕਲਿਜੁਗ ਵਿਚ ਉਨ੍ਹਾਂ ਦਾ ਪਹਿਰਾ ਹੈ ਫਿਰ ਆ ਕੇ ਜਿਸ ਤਰ੍ਹਾਂ ਉਨ੍ਹਾਂ ਨੇ ਇਸ ਦੁਨੀਆਂ ਵਿਚ ਜਿਹੜਾ ਪ੍ਰੇਮ ਦਾ ਪ੍ਰਕਾਸ਼ ਪਾਇਆ ਹੈ, ਜਿਸ ਤਰ੍ਹਾਂ ਉਹ ਦਇਆ ਔਰ ਤਰਸ ਦੇ ਸਰੂਪ ਵਿਚ ਵਰਤੇ ਹਨ, ਜੋ ਕੁਛ ਆਪਾਂ ਦੇਖ ਰਹੇ ਹਾਂ ਦਸੌਂ ਪਾਤਸ਼ਾਹੀਆਂ ਦਾ ਪੂਰਾ ਦਾ ਪੂਰਾ ਖੇਡ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਇਹ ਸਭ ਗੁਰੂ ਨਾਨਕ ਪਾਤਸ਼ਾਹ ਦੀ ਹੀ ਕਿਰਪਾ ਹੈ। ਸਾਧ ਸੰਗਤ ਜੀ ਜੇ ਗੁਰੂ ਅੰਗਦ ਸਾਹਿਬ ਨੇ ਇਕੋ ਨਾਮ ਅਪਨਾਇਆ ਹੈ ਉਹ ਹੈ **ਗੁਰੂ ਨਾਨਕ ਨਿਰੰਕਾਰ ਦਾ,** ਜੇ ਪਿਆਰ ਕੀਤਾ ਹੈ ਤਾਂ ਉਸੇ ਨਾਮ ਤੇ ਸਰੂਪ ਨਾਲ ਕੀਤਾ ਹੈ ਔਰ ਕਮਾਲ ਕਰ ਦਿੱਤੀ ਹੈ। ਜਿਸ ਵਕਤ ਫੁਰਮਾ ਰਹੇ ਹਨ,

*ਜਿਸੁ ਪਿਆਰੇ ਸਿਉ ਨੇਹੁ*
*ਤਿਸੁ ਆਗੈ ਮਰਿ ਚਲੀਐ ॥*

*ਧ੍ਰਿਗੁ ਜੀਵਣੁ ਸੰਸਾਰਿ*
*ਤਾ ਕੈ ਪਾਛੈ ਜੀਵਣਾ ॥*

ਉਹ ਗੁਰੂ ਨਾਨਕ ਨਿਰੰਕਾਰ ਦੇ ਪਿਆਰ ਦੇ ਵਿਚ, ਉਸ ਵਿਛੋੜੇ ਦੇ ਵਿਚ ਜਿਸ ਤਰ੍ਹਾਂ ਦਾ ਵੈਰਾਗ ਕੀਤਾ ਹੈ, ਜਿਸ ਤਰ੍ਹਾਂ ਦੀ ਬਿਰਹਾ ਕੀਤੀ ਹੈ ਉਸ ਵੇਲੇ ਸਾਨੂੰ ਸਿੱਖਿਆ ਕੀ ਦੇ ਰਹੇ ਹਨ ਕਿ ਕਿਸ ਤਰ੍ਹਾਂ ਉਸ ਪਿਆਰੇ ਨੂੰ ਯਾਦ ਕਰਨਾ ਹੈ, ਕਿਸ ਤਰ੍ਹਾਂ ਪਿਆਰ ਕਰਨਾ ਹੈ, ਕਿਸ ਤਰ੍ਹਾਂ ਆਪਣੇ ਆਪ ਨੂੰ ਉਸਦੇ ਸਮਰਪਣ ਕਰਨਾ ਹੈ, ਅਰਪਣ ਕਰਨਾ ਹੈ। ਧੰਨ ਹਨ ਗੁਰੂ ਅੰਗਦ ਸਾਹਿਬ ਜਿਹੜੀ ਇਹ ਸਾਰੀ ਸਿੱਖਿਆ ਇਸ ਇਕ ਇਕੱਲੇ ਸ਼ਬਦ, ਜੁਗਤੀ ਵਿਚ ਸਾਨੂੰ ਦਸ ਗਏ ਹਨ,

*ਜਿਸੁ ਪਿਆਰੇ ਸਿਉ ਨੇਹੁ*
*ਤਿਸੁ ਆਗੈ ਮਰਿ ਚਲੀਐ ॥*

*ਧ੍ਰਿਗੁ ਜੀਵਣੁ ਸੰਸਾਰਿ*
*ਤਾ ਕੈ ਪਾਛੈ ਜੀਵਣਾ ॥*

ਸਤਿਗੁਰੂ ਪਰਾਇਣ ਹੋਣ ਦਾ ਤਰੀਕਾ ਦਸ ਰਹੇ ਹਨ। ਗੁਰੂ ਅਮਰਦਾਸ ਜੀ ਸੱਚੇ ਪਾਤਸ਼ਾਹ, ਗੁਰੂ ਰਾਮ ਦਾਸ ਜੀ, ਗੁਰੂ ਅਰਜਨ ਪਾਤਸ਼ਾਹ, ਗੁਰੂ ਸਾਹਿਬਾਨ ਕਿਸ ਤਰ੍ਹਾਂ ਉਸ ਨਾਨਕ ਨਾਮ ਦੇ

ਪ੍ਰੇਮ ਦੇ ਵਿਚ ਪਰਾਇਣ ਹਨ ਔਰ ਨਾਨਕ ਨਾਮ ਹੀ ਅਪਨਾਇਆ ਹੈ। ਸਾਰੀ ਅੰਮ੍ਰਿਤ ਬਾਣੀ ਦੇ ਵਿਚ ਉਸ ਨਾਨਕ ਨਾਮ ਨੂੰ ਹੀ ਅਪਨਾਇਆ ਹੈ। ਆਪਣਾ ਨਾਮ ਤਕ ਨਹੀ ਵਿਚ ਆਣ ਦਿੱਤਾ। ਸਾਧ ਸੰਗਤ ਜੀ ਜਰਾ ਸੋਚ ਕੇ ਦੇਖਿਏ ਕਿ ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਉਸ ਨਿਰੰਕਾਰ ਨੇ, ਪ੍ਰਮੇਸਰ ਨੇ ਧਾਰਿਆ ਹੈ,

*ਪੋਥੀ ਪਰਮੇਸਰ ਕਾ ਥਾਨੁ ॥*

ਉਹ ਪ੍ਰਮੇਸਰ ਨੇ ਨਾਨਕ ਨਾਮ ਹੀ ਅਪਨਾਇਆ ਹੈ।

*ਵਾਹੁ ਵਾਹੁ ਬਾਣੀ ਨਿਰੰਕਾਰ ਹੈ ॥*

**ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅੰਮ੍ਰਿਤ ਬਾਣੀ ਨਿਰੰਕਾਰ ਹੈ ਤੇ ਫਿਰ ਨਿਰੰਕਾਰ ਨੇ ਕਿਹੜਾ ਨਾਮ ਅਪਨਾਇਆ ਹੈ, ਇਸ ਜੀਉਦੇਂ ਜਾਗਦੇ ਬੋਲਦੇ ਸ੍ਰੀ ਗੁਰੂ ਨਾਨਕ, ਸ੍ਰੀ ਗੁਰੂ ਗ੍ਰੰਥ ਸਾਹਿਬ ਜਿਸਨੂੰ ਬਾਬਾ ਨੰਦ ਸਿੰਘ ਸਾਹਿਬ ਨੇ ਪਿਆਰਿਆ ਹੈ ਸਤਿਕਾਰਿਆ ਹੈ, ਨਾਨਕ ਨਾਮ ਨੂੰ ਨਿਹਾਰਿਆ ਹੈ ਪਰ ਜਿਸ ਵਕਤ ਗੁਰੂ ਨਾਨਕ ਨਾਮ ਦੀ ਵਡਿਆਈ ਕਰਦੇ ਸੰਗਤ ਵਿਚ ਫੁਰਮਾਂਦੇ ਸੀ ਕਿ ਤੁਸੀ ਜੋ ਕੁਝ ਵੀ ਸਾਰਾ ਦਿਨ ਕਰਦੇ ਹੋ ਅਸੀ ਤੁਹਾਨੂੰ ਛਡਣ ਵਾਸਤੇ ਕੁਝ ਨਹੀ ਕਹਿੰਦੇ ਇਕ ਮੇਰੇ ਗੁਰੂ ਨਾਨਕ ਦਾ ਨਾਮ ਉਹਦੇ ਵਿਚ ਸ਼ਾਮਿਲ ਕਰ ਲਵੋ। ਜੇ ਮੇਰੇ ਗੁਰੂ ਨਾਨਕ ਨਾਮ ਦੇ ਵਿਚ ਸ਼ਕਤੀ ਹੋਵੇਗੀ ਤਾਂ ਤੁਹਾਡੇ ਸਾਰੇ ਜੀਵਨ ਨੂੰ ਸੋਨਾ ਬਣਾ ਕੇ ਰੱਖ ਦੇਵੇਗੀ। ਸਾਧ ਸੰਗਤ ਜੀ ਜੇ ਸਾਡੇ ਗੁਰੂ**

**ਸਾਹਿਬਾਨ ਨੇ, ਸ੍ਰੀ ਗੁਰੂ ਗ੍ਰੰਥ ਸਾਹਿਬ ਨੇ, ਬਾਬਾ ਨੰਦ ਸਿੰਘ ਸਾਹਿਬ ਨੇ ਉਸ ਇਕੋ ਨਾਮ ਨੂੰ ਅਪਨਾਇਆ ਹੈ, ਸਾਡੇ ਵਾਸਤੇ ਇਕੱਲਾ ਨਾਨਕ ਨਾਮ ਕਾਫੀ ਨਹੀ ਹੈ?**

*ਧੰਨ ਧੰਨ ਗੁਰੂ ਨਾਨਕ,*
*ਧੰਨ ਧੰਨ ਗੁਰੂ ਨਾਨਕ ।*
*ਤੂੰ ਹੀ ਨਿਰੰਕਾਰ ਇਕ ਤੂੰ ਹੀ ਨਿਰੰਕਾਰ ।*
*ਧੰਨ ਗੁਰੂ ਨਾਨਕ ਇਕ ਤੂੰ ਹੀ ਨਿਰੰਕਾਰ ।*
*ਤੂੰ ਹੀ ਨਿਰੰਕਾਰ, ਇਕ ਤੂੰ ਹੀ ਨਿਰੰਕਾਰ ।*
*ਧੰਨ ਧੰਨ ਗੁਰੂ ਨਾਨਕ, ਧੰਨ ਧੰਨ ਗੁਰੂ ਨਾਨਕ ।*
*ਤੂੰ ਹੀ ਨਿਰੰਕਾਰ, ਇਕ ਤੂੰ ਹੀ ਨਿਰੰਕਾਰ ।*

## ਗੁਰੂ ਨਾਨਕ ਨਿਰੰਕਾਰ ਦੇ ਚਰਨ ਕਮਲਾਂ ਦੀ ਛਾਪ

ਇਸ ਫਾਨੀ ਸੰਸਾਰ ਦੇ ਵਿਚ ਸਭ ਇਸ **'ਮੈਂ ਮੇਰੀ'** ਦੇ ਕਰਮਾਂ ਨੂੰ ਭੁਗਤਨ ਵਾਸਤੇ ਜਮਦੇ ਮਰਦੇ ਹਨ । ਜਿੱਥੇ ਇਹ ਸਰੀਰ ਦੇ ਜਿੰਨੇ ਰੱਸ ਹਨ ਉਹ **ਮੈਂ ਮੇਰੀ** ਦੇ ਰੱਸ ਇਸ ਦੁਨੀਆਂ ਵਿਚ ਦੁਬਾਰਾ

ਲੈ ਕੇ ਆਈ ਜਾਂਦੇ ਹਨ ਉਥੇ ਸਾਧ ਸੰਗਤ ਜੀ ਆਪਾਂ ਭੁਲਿਏ ਨਾ ਸਾਰੀਆਂ ਦਰਗਾਹੀ ਬਰਕਤਾਂ ਨੂੰ ਲਿਆਉਣ ਵਾਸਤੇ ਇਸ ਫਾਨੀ ਸੰਸਾਰ ਦੇ ਵਿਚ, ਦੁਨੀਆਂ ਦੇ ਨਿਸਤਾਰੇ ਵਾਸਤੇ ਜਿਹੜਾ ਸ਼ਰੀਰ ਇਕ ਗੁਰਮੁੱਖ ਦਾ ਹੈ ਉਹਦੇ ਬਾਰੇ ਚ ਵੀ ਆਪ ਹੀ ਫੁਰਮਾਦੇਂ ਹਨ,

*ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥*

*ਗੁਰਮੁਖ ਕੋਟਿ ਉਧਾਰਦਾ ਭਾਈ*
*ਦੇ ਨਾਵੈ ਏਕ ਕਣੀ ॥*

ਉਹ ਸ਼ਰੀਰ ਜਿਹੜਾ

*ਹਰਿ ਮਨਿ ਤਨਿ ਵਸਿਆ ਸੋਈ ॥*
*ਜੈ ਜੈ ਕਾਰੁ ਕਰੇ ਸਭੁ ਕੋਈ ॥*

ਜੇ ਸ਼ਰੀਰ ਦੇ ਵਿਚ, ਹਰ ਰੋਮ ਦੇ ਵਿਚ ਉਹ ਵਸਿਆ ਹੋਵੇ ਉਹਦੇ ਬਾਰੇ ਚ ਫੁਰਮਾ ਰਹੇ ਹਨ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਹੁਤ ਸ਼ਬਦਾਂ ਵਿਚ ਉਸ ਗੁਰਮੁੱਖ ਦੇ ਬਾਰੇ ਫੁਰਮਾਦੇਂ ਹਨ, ਜੋ ਪੂਜਯ ਪਿਤਾ ਜੀ ਨੇ ਇਸ ਪਰਥਾਏ ਬਚਨ ਕੀਤੇ ਸਾਧ ਸੰਗਤ ਜੀ ਕਮਾਲ ਹਨ। ਪਿਤਾ ਜੀ ਕਹਿਣ ਲੱਗੇ ਬਾਬਾ ਨੰਦ ਸਿੰਘ ਸਾਹਿਬ ਦੇ ਦਰਸ਼ਨ ਕੀਤੇ ਹਨ, ਫਿਰ ਕਹਿਣ ਲੱਗੇ ਜਿਹੜਾ ਇਸ ਤਰ੍ਹਾਂ ਦਾ ਮਹਾਨ ਗੁਰਮੁੱਖ ਹੈ, ਜਿਹਦੇ ਰੋਮ ਰੋਮ ਦੇ ਵਿਚ ਉਹ ਵਸਿਆ ਹੋਵੇ, ਜਿਹਦੇ ਰੋਮ ਰੋਮ ਦੇ ਵਿਚੋਂ ਉਸਦੀ ਧੁਨੀ ਗੂੰਜਦੀ ਹੋਵੇ, ਐਸੇ ਗੁਰਮੁੱਖ ਦਾ ਤਾਂ ਸ਼ਰੀਰ ਦੁਨੀਆਂ ਵਾਸਤੇ ਇਕ ਮਹਾਨ ਅਸ਼ੀਰਵਾਦ ਹੈ,

ਇਕ ਮਹਾਨ ਵਰਦਾਨ ਹੈ। ਫਿਰ ਪਿਤਾ ਜੀ ਕਹਿਣ ਲੱਗੇ ਕਿ ਨਿਸ਼ਾਨੀ ਕੀ ਹੈ ਉਸ ਗੁਰਮੁੱਖ ਦੇ ਮਸਤੱਕ ਤੇ ਛਾਪ ਕਿਹੜੀ ਹੁੰਦੀ ਹੈ। ਫਿਰ ਉਸ ਗੁਰਮੁੱਖ ਮਹਾਪੁਰਸ਼ ਦੇ ਮਸਤੱਕ ਤੇ ਗੁਰੂ ਨਾਨਕ ਪਾਤਸ਼ਾਹ ਦੇ ਚਰਨ ਕਮਲਾਂ ਦੀ ਛਾਪ ਹੋਵੇਗੀ। ਉਹ ਚਰਨ ਕਮਲਾਂ ਦੀ ਛਾਪ ਹੀ ਨਹੀ ਹੋਵੇਗੀ, ਉਹ ਚਰਨ ਕਮਲਾਂ ਵਿਚ ਜਿਹੜਾ ਪਦਮ ਹੈ ਉਸ ਪਦਮ ਦਾ ਪ੍ਰਕਾਸ਼ ਉੱਥੇ ਜਲਵਾ ਫਰੋਜ਼ ਹੋਏਗਾ, ਉਹ ਲਿਸ਼ਕਾ ਮਾਰਦਾ ਹੋਏਗਾ। ਉਸ ਵੇਲੇ ਕਹਿੰਦੇ ਜਿਸਨੂੰ ਸਾਹਿਬ ਇਹ ਦਿਖਾ ਦਿੰਦੇ ਹਨ ਉਹ ਇਹ ਪ੍ਰਤੱਖ ਦੇਖਦਾ ਹੈ ਕਿ ਉਹ ਪ੍ਰਕਾਸ਼ ਉੱਥੇ ਕਿਸ ਤਰ੍ਹਾਂ ਚਮਕ ਰਿਹਾ ਹੈ।

**ਫਿਰ ਪਿਤਾ ਜੀ ਆਪਣੇ ਆਪ ਹੀ ਕਹਿਣ ਲੱਗੇ ਮੇਰੇ ਬਾਬਾ ਨੰਦ ਸਿੰਘ ਸਾਹਿਬ ਉਨ੍ਹਾਂ ਦੇ ਮਸਤੱਕ ਤੇ ਗੁਰੂ ਨਾਨਕ ਨਿਰੰਕਾਰ ਦੇ ਚਰਨ ਕਮਲਾਂ ਦੀ ਛਾਪ ਸੀ। ਉਨ੍ਹਾਂ ਦੇ ਮਸਤੱਕ ਤੇ ਉਹ ਜਿਹੜਾ ਗੁਰੂ ਨਾਨਕ ਪਾਤਸ਼ਾਹ ਦੇ ਚਰਨ ਕਮਲਾਂ ਦਾ ਪਦਮ ਹੈ ਕਹਿੰਦੇ ਉਹ ਸਦਾ ਹੀ ਉੱਥੇ ਜਲਵਾ ਫਰੋਜ਼ ਰਹਿੰਦਾ ਸੀ, ਉਸ ਦਾ ਪ੍ਰਕਾਸ਼ ਇਸ ਸੰਸਾਰ ਵਿਚ ਫੈਲਦਾ ਸੀ ਔਰ ਜਿਹੜੇ ਇਸ ਗੱਲ ਦੇ ਪਾਤਰ ਸਨ ਉਨ੍ਹਾਂ ਨੂੰ ਉਹ ਦਿਖਾਈ ਦਿੰਦਾ ਸੀ।**

**ਫਿਰ ਉਸਦੇ ਬਾਦ ਇਕ ਦਮ ਕਹਿਣ ਲੱਗੇ ਪੁੱਤ ਜਿਸ ਤਰ੍ਹਾਂ ਮੇਰੇ ਬਾਬਾ ਨੰਦ ਸਿੰਘ ਸਾਹਿਬ ਦੇ ਮਸਤੱਕ ਤੇ ਗੁਰੂ ਨਾਨਕ ਨਿਰੰਕਾਰ ਦੇ ਚਰਨ ਕਮਲਾਂ ਦੀ ਛਾਪ ਸੀ ਤੇ ਉਹ ਪਦਮ ਦਾ ਪ੍ਰਕਾਸ਼ ਸੀ ਉਸੇ ਤਰ੍ਹਾਂ ਸਾਹਿਬ ਦੇ ਕੁੱਤੇ ਦੇ ਮਸਤੱਕ ਤੇ ਬਾਬਾ ਨੰਦ ਸਿੰਘ ਸਾਹਿਬ ਦੇ ਚਰਨ ਕਮਲਾਂ ਦੀ ਛਾਪ ਹੈ।**

*ਉਹ ਪੂਰਨੇ ਕੋਈ ਨਹੀ ਪਾ ਸੱਕਦਾ,*
*ਜੋ ਪੂਰਨੇ ਬਾਬਾ ਜੀ ਤੁਸੀ ਪਾ ਗਏ ਉ ।*

*ਗੁਰੂ ਗ੍ਰੰਥ ਦੀ ਜੋਤ ਵਿਚੋਂ,*
*ਨਿਰੰਕਾਰ ਨੂੰ ਪ੍ਰਤੱਖ ਦਿਖਾ ਗਏ ਉ ।*

*ਨੂੰਰ ਹੈ ਇਲਾਹੀ, ਇਕ ਬਾਬਾ ਨੰਦ ਸਿੰਘ ।*

*ਸਾਰਾ ਹੀ ਜ਼ਮਾਨਾ ਜਿਨ੍ਹੇ, ਕੀਤਾ ਨੂਰੋ ਨੂਰ ਹੈ ।*

*ਪੂਜਾ ਤੂੰ ਕਰਾਈ, ਗੁਰੂ ਗ੍ਰੰਥ ਦੀ ਜਹਾਨ ਵਿਚ ।*

*ਏਸੇ ਵੱਜਹੁ ਬਾਬਾ ਜੀ ਤੈਨੂੰ, ਪੂਜਦਾ ਜਹਾਨ ਹੈ ।*

*ਉਹ ਪੂਰਨੇ ਕੋਈ ਨਹੀ ਪਾ ਸਕਦਾ,*
*ਜੋ ਪੂਰਨੇ ਬਾਬਾ ਜੀ ਤੁਸੀ ਪਾ ਗਏ ਉ ।*

*ਗੁਰੂ ਗ੍ਰੰਥ ਦੀ ਜੋਤ ਵਿਚੋਂ,*
*ਨਿਰੰਕਾਰ ਨੂੰ ਪ੍ਰਤੱਖ ਦਿਖਾ ਗਏ ਉ ।*

*ਬਾਬਿਆਂ ਦੀ ਰੀਤੀ ਵੱਖਰੀ ਏ,*
*ਉੱਥੇ ਜੱਗਦੀ ਜੋਤ ਨਿਆਰੀ ਏ ।*

*ਇੱਕੋ ਦੀ ਪੂਜਾ ਹੁੰਦੀ ਏ,*
*ਇੱਕੋ ਦਾ ਜਗਤ ਪੁਜਾਰੀ ਏ ।*

ਨਾਮ ਦੀ ਜੋਤੀ ਜਗਦੀ ਏ,
ਨਾਮ ਦਾ ਝਰਨਾ ਜਾਰੀ ਏ ।

ਇਕ ਗੁਰੂ ਗ੍ਰੰਥ ਦੀ ਜੋਤੀ ਏ,
ਇਕ ਗੁਰੂ ਨਾਨਕ ਨਿਰੰਕਾਰੀ ਏ ।

ਬਾਬਿਆਂ ਦਾ ਪ੍ਰਕਾਸ਼ ਅਨੋਖਾ ਏ,
ਰੱਬੀ ਭੇਤ ਨਹੀ ਪਾਇਆ ਜਾ ਸੱਕਦਾ।

ਨਾ ਸਮਝ ਕਿਸੇ ਨੂੰ ਆਉਂਦੀ ਏ,
ਨਾ ਹੀ ਸਮਝਾਇਆ ਜਾ ਸੱਕਦਾ ।

ਉਹ ਪੂਰਨੇ ਕੋਈ ਨਹੀ ਪਾ ਸੱਕਦਾ,
ਜੋ ਪੂਰਨੇ ਬਾਬਾ ਜੀ ਤੁਸੀ ਪਾ ਗਏ ਉ ।

ਗੁਰੂ ਗ੍ਰੰਥ ਦੀ ਜੋਤ ਵਿਚੋਂ,
ਨਿਰੰਕਾਰ ਨੂੰ ਪ੍ਰਤੱਖ ਦਿਖਾ ਗਏ ਉ ।

ਬਾਬਿਆਂ ਨੇ ਲੈ ਕੇ ਪ੍ਰਕਾਸ਼ ਗੁਰੂ ਗ੍ਰੰਥ ਵਿਚੋਂ, ਉਹ ਮੇਹਰ ਸਾਰੇ ਜੱਗ ਤੇ ਵਰਸਾਈ ਏ ।

ਗੁਰੂ ਗ੍ਰੰਥ ਤੋਂ ਬਗੈਰ ਨਹੀਂ ਕਿਸੇ ਦੇ ਅਧੀਨ ਹੁੰਦੇ, ਗੁਰੂ ਗ੍ਰੰਥ ਦੀ ਪ੍ਰੀਤ ਰੋਮ ਰੋਮ ਚ ਸਮਾਈ ਏ ।

ਅਨੰਦ ਰੂਪ ਬਾਬਾ ਨੰਦ ਸਿੰਘ ਜੀ ਆਨੰਦ ਦੇ ਭੰਡਾਰ ਹਨ, ਖੁਦ ਨਿਰੰਕਾਰ ਨੇ ਇਕ ਮੂਰਤ

*ਸਜਾਈ ਏ ।*

*ਗੁਰੂ ਨਾਨਕ ਦੇ ਪਦਮ ਜਿਹੜੀ ਰੌਸ਼ਨੀ ਚਮਕਦੀ ਏ, ਬਾਬੇ ਨੰਦ ਸਿੰਘ ਜੀ ਦੇ ਦਿੰਦੀ ਮਸਤੱਕ ਤੇ ਦਿਖਾਈ ਏ ।*

*ਉਹ ਪੂਰਨੇ ਕੋਈ ਨਹੀ ਪਾ ਸਕਦਾ,*
*ਜੋ ਪੂਰਨੇ ਬਾਬਾ ਜੀ ਤੁਸੀ ਪਾ ਗਏ ਉ ।*

*ਗੁਰੂ ਗ੍ਰੰਥ ਦੀ ਜੋਤ ਵਿਚੋਂ, ਨਿਰੰਕਾਰ ਨੂੰ ਪ੍ਰਤੱਖ ਦਿਖਾ ਗਏ ਉ ।*

**ਗੁਰੂ ਨਾਨਕ ਦਾਤਾ ਬਖਸ਼ ਲੈ ।**

**ਬਾਬਾ ਨਾਨਕ ਬਖਸ਼ ਲੈ ॥**